67

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਨੰ. 6701/ਕਾਲਜ/ਸ-6
ਮਿਤੀ 14/3/23

**ਯਾਦ-ਪੱਤਰ ਨੰ: 1**

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਲਾਅ ਕਾਲਜਾਂ ਦੇ, ਚੇਅਰਮੈਨ/ਪ੍ਰਿੰਸੀਪਲ ਸਾਹਿਬਾਨ ਨੂੰ
ਅਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਚਲਦੇ ਲਾਅ ਕੋਰਸ ਲਈ
ਪ੍ਰਿੰਸੀਪਲ ਸਾਹਿਬ ਨੂੰ

ਵਿਸ਼ਾ:- ਲਾਅ ਕਾਲਜਾਂ ਵਿਖੇ ਚਲਦੇ ਲਾਅ ਕੋਰਸਾਂ ਲਈ ਲੋੜੀਂਦਾ ਟੀਚਿੰਗ ਸਟਾਫ ਨਿਯੁਕਤ ਕਰਨ ਸਬੰਧੀ।
ਹਵਾਲਾ: ਪੱਤਰ ਨੰ: 6227/ਕਾਲਜ/ਸ-6, ਮਿਤੀ 14.2.2023

ਉਪਰੋਕਤ ਵਿਸ਼ੇ ਨਾਲ ਸਬੰਧਤ ਹਵਾਲਾ ਅਧੀਨ ਪੱਤਰ ਰਾਹੀਂ ਯੂਨੀਵਰਸਿਟੀ ਸਬੰਧਤ ਲਾਅ ਕਾਲਜਾਂ ਵਿਖੇ ਯੂਨੀਵਰਸਿਟੀ ਨਿਯਮਾਂ ਅਨੁਸਾਰ ਰੈਗੂਲਰ ਪ੍ਰਿੰਸੀਪਲ ਅਤੇ ਲਾਇਬ੍ਰੇਰੀਅਨ ਤੋਂ ਇਲਾਵਾ ਚਲ ਰਹੇ ਲਾਅ ਕੋਰਸਾਂ/ਵਿਸ਼ਿਆਂ ਲਈ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਕਰਕੇ ਅਤੇ ਸੈਸ਼ਨ 2022-23 ਤੱਕ ਦੀਆਂ ਲੋੜੀਂਦੀਆਂ ਅਪਰੂਵਲਾਂ ਪ੍ਰਾਪਤ ਕਰਕੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ (14.3.2023 ਤੱਕ) ਦਫਤਰ ਨੂੰ ਸੂਚਿਤ ਕਰਨ ਲਈ ਲਿਖਿਆ ਗਿਆ ਸੀ, ਪਰੰਤੂ ਜਿਆਦਾਤਰ ਕਾਲਜਾਂ ਵੱਲੋਂ ਇਸ ਸਬੰਧੀ ਕੋਈ ਕਾਰਵਾਈ ਨਹੀ ਕੀਤੀ ਗਈ ਹੈ। ਇਸ ਲਈ ਮੁੜ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਸਾਰੀ ਕਾਰਵਾਈ ਕਰਕੇ ਤੁਰੰਤ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੈਸ਼ਨ 2023-24 ਲਈ ਚਲ ਰਹੇ ਲਾਅ ਕੋਰਸਾਂ ਦੇ ਐਂਟਰੀ ਪੁਆਇੰਟ ਦੇ ਦਾਖਲਿਆਂ ਲਈ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ/ਕੋਆਰਡੀਨੇਟਰ ਪੰਜਾਬ ਲਾਅ ਦਾਖਲਾ ਸੈਲ ਲਈ ਯੂਨੀਵਰਸਿਟੀ ਵੱਲੋਂ ਸਬੰਧਤ ਕਾਲਜ ਦਾ ਨਾਮ ਨਹੀ ਭੇਜਿਆ ਜਾਵੇਗਾ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਸਹਾਇਕ ਰਜਿਸਟਰਾਰ (ਕਾਲਜਾਂ)